International Journal of Research in Economics and Social Sciences(IJRESS)
Available online at: http://euroasiapub.org
Vol. 9 Issue 8, August - 2019
ISSN(o): 2249-7382 | Impact Factor: 6.939 |

# ਨੈਪੋਲੀਅਨ ਦੀ ਮਾਸਕੋ ਮੁਹਿੰਮ

**ਮਨਦੀਪ ਕੌਰ**,
ਰਿਸਰਚ ਸਕਾਲਰ, ਇਤਿਹਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸਾਰ:-** ਨੈਪੋਲੀਅਨ ਨੂੰ ਇਤਿਹਾਸ ਵਿੱਚ 'ਕ੍ਰਾਂਤੀ ਦਾ ਪੁੱਤਰ' ਕਿਹਾ ਜਾਂਦਾ ਹੈ। ਨੈਪੋਲੀਅਨ ਦਾ ਜਨਮ 15 ਅਗਸਤ, 1769 ਈ. ਨੂੰ ਕੋਰਸਿਕਾ ਟਾਪੂ ਦੇ ਸ਼ਹਿਰ ਐਜਾਸਿਓ ਵਿੱਚ ਹੋਇਆ। ਉਸ ਦੇ ਪਿਤਾ 'ਚਾਰਲਸ ਬੋਨਾਪਾਰਟ' ਇੱਕ ਸੱਚੇ ਦੇਸ਼-ਭਗਤ ਅਤੇ ਗੁਣਵਾਨ ਵਿਅਕਤੀ ਸਨ, ਜੋ ਕਿ ਇੱਕ ਛੋਟੀ ਜਿਹੀ ਕੁਲੀਨ ਸ਼੍ਰੇਣੀ ਨਾਲ ਸੰਬੰਧ ਰੱਖਦੇ ਸਨ। ਉਸ ਦੀ ਮਾਤਾ ਦਾ ਨਾਂ 'ਲੇਤੀਜ਼ੀਆ ਰਮੋਲਿਨੋ' ਸੀ, ਜੋ ਕਿ ਉੱਚੇ ਚਰਿੱਤਰ ਵਾਲੀ, ਸੁੰਦਰ ਅਤੇ ਪੜ੍ਹੀ-ਲਿਖੀ ਇਸਤਰੀ ਸੀ। ਇਹ ਮੰਨਿਆ ਜਾਂਦਾ ਹੈ ਕਿ ਨੈਪੋਲੀਅਨ ਦਾ ਨਾਂ 'ਨੈਪੋਲੀਅਨ' ਇੱਕ ਅਗਿਆਤ ਸਾਧੂ ਦੇ ਨਾਂ 'ਤੇ ਰੱਖਿਆ ਗਿਆ ਸੀ। ਨੈਪੋਲੀਅਨ ਬਚਪਨ ਤੋਂ ਹੀ ਮਿਹਨਤੀ ਅਤੇ ਗੁਣਵਾਨ ਵਿਅਕਤੀ ਸੀ। ਉਸ ਨੂੰ ਬਚਪਨ ਵਿੱਚ ਬਹਾਦਰ ਸਿਪਾਹੀਆਂ ਦੀਆਂ ਕਹਾਣੀਆਂ ਸੁਣਨ ਦਾ ਬਹੁਤ ਸ਼ੌਕ ਸੀ। ਉਹ ਬਚਪਨ ਵਿੱਚ ਝੂਠ-ਮੂਠ ਦੀਆਂ ਫ਼ੌਜਾਂ ਬਣਾ ਕੇ ਲੜਾਈਆਂ ਕਰਵਾਉਂਦਾ ਹੁੰਦਾ ਸੀ। ਉਹ ਕਹਿੰਦਾ ਸੀ ਕਿ "ਮੈਂ ਜ਼ਰੂਰ ਇੱਕ ਸਿਪਾਹੀ ਬਣਾਂਗਾ ਅਤੇ ਹਰ ਲੜਾਈ ਵਿੱਚ ਜਿੱਤ ਪ੍ਰਾਪਤ ਕਰਾਂਗਾਂ।" ਨੈਪੋਲੀਅਨ ਨੇ ਆਪਣੀ ਸਿੱਖਿਆ ਫ਼ਰਾਂਸ ਵਿੱਚ ਹੀ ਪ੍ਰਾਪਤ ਕੀਤੀ ਸੀ। ਗ਼ਰੀਬੀ ਕਾਰਨ ਉਸ ਨੂੰ ਵਿਦਿਆਰਥੀ ਜੀਵਨ ਵਿੱਚ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਇਟਾਲੀਅਨ ਹੋਣ ਕਰਕੇ ਉਸ ਨੂੰ ਫ਼ਰਾਂਸੀਸੀ ਭਾਸ਼ਾ ਬੋਲਣੀ ਔਖੀ ਲੱਗਦੀ ਸੀ। ਜਿਸ ਕਰਕੇ ਦੂਜੇ ਵਿਦਿਆਰਥੀ ਉਸ ਦਾ ਮਜ਼ਾਕ ਉਡਾਉਂਦੇ ਰਹਿੰਦੇ ਸਨ। ਨੈਪੋਲੀਅਨ ਮਿਹਨਤੀ, ਇਮਾਨਦਾਰ, ਆਗਿਆਕਾਰੀ ਅਤੇ ਸਮੇਂ ਦਾ ਪਾਬੰਦ ਸੀ, ਜਿਸ ਤੋਂ ਉਸ ਦੇ ਅਧਿਆਪਕ ਬਹੁਤ ਪ੍ਰਭਾਵਿਤ ਸਨ। 16 ਸਾਲ ਦੀ ਉਮਰ ਵਿੱਚ ਨੈਪੋਲੀਅਨ ਫ਼ਰਾਂਸੀਸੀ ਸੈਨਾ ਵਿੱਚ ਉਪ-ਲੈਫ਼ਟੀਨੈਂਟ ਵਜੋਂ ਭਰਤੀ ਹੋ ਗਿਆ ਅਤੇ 1792 ਈ. ਵਿੱਚ ਪੈਰਿਸ ਵਿਖੇ ਜੈਕੋਬਿਨ ਦਲ ਵਿੱਚ ਸ਼ਾਮਿਲ ਹੋ ਗਿਆ। 1793 ਈ. ਵਿੱਚ ਉਸ ਨੇ ਪਹਿਲੀ ਵਾਰ ਅੰਗਰੇਜ਼ੀ ਹਮਲੇ ਵਿਰੁੱਧ ਤੂਲੋਨ (Toulon) ਦੀ ਬੰਦਰਗਾਹ ਦੀ ਰੱਖਿਆ ਵਿੱਚ ਭਾਗ ਲਿਆ। ਇਸ ਹਮਲੇ ਵਿੱਚ ਉਸ ਦੇ ਘੋੜੇ ਦੀ ਮੌਤ ਹੋ ਗਈ ਅਤੇ ਉਹ ਆਪ ਜ਼ਖ਼ਮੀ ਹੋ ਗਿਆ ਸੀ ਪਰ ਫਿਰ ਵੀ ਉਸ ਨੂੰ ਅੰਗਰੇਜ਼ੀ ਸੈਨਾ ਵਿਰੁੱਧ ਸਫ਼ਲਤਾ ਪ੍ਰਾਪਤ ਹੋਈ। ਅਕਤੂਬਰ, 1795 ਈ. ਵਿੱਚ ਡਾਇਰੈਕਟਰ ਬਾਰਾਸ (Barras) ਨੇ ਨੈਪੋਲੀਅਨ ਦੀ ਮੁਲਾਕਾਤ ਇੱਕ ਸੁੰਦਰ ਵਿਧਵਾ ਜੋਸੇਫੀਨ (Josephine) ਨਾਲ ਕਰਵਾਈ ਅਤੇ 9 ਮਾਰਚ, 1796 ਈ. ਨੂੰ ਸਰਲ ਜਿਹੀਆਂ ਰਸਮਾਂ ਨਾਲ ਦੋਹਾਂ ਦਾ ਵਿਆਹ ਹੋ ਗਿਆ। ਉਹ ਇਟਲੀ ਅਤੇ ਮਿਸਰ ਦੀਆਂ ਮੁਹਿੰਮਾਂ 'ਤੇ ਵੀ ਗਿਆ, ਜਿਨ੍ਹਾਂ ਵਿੱਚ ਉਸ ਨੂੰ ਸਫ਼ਲਤਾ ਪ੍ਰਾਪਤ ਹੋਈ। ਟਿਲਸਿਟ ਦੀ ਸੰਧੀ, 8 ਜੁਲਾਈ, 1807 ਈ. ਮਗਰੋਂ ਨੈਪੋਲੀਅਨ ਦਾ ਯੂਰਪ ਵਿੱਚ ਇੱਕੋ-ਇੱਕ ਵਿਰੋਧੀ ਇੰਗਲੈਂਡ ਹੀ ਰਹਿ ਗਿਆ ਸੀ, ਜੋ ਅਜੇ ਤੱਕ ਅਜਿੱਤ ਅਤੇ ਅਪਹੁੰਚ ਸੀ।

**ਮੁੱਖ ਸ਼ਬਦ:-** ਫ਼ਰਾਂਸ, ਰੂਸ, ਨੈਪੋਲੀਅਨ, ਜ਼ਾਰ ਅਲੈਗਜੈਂਡਰ, ਮਾਸਕੋ ਮੁਹਿੰਮ।

**ਜਾਣ-ਪਛਾਣ:-** ਨੈਪੋਲੀਅਨ ਨੂੰ ਨਾ ਸਿਰਫ਼ ਫ਼ਰਾਂਸ ਦੇ ਇਤਿਹਾਸ ਵਿੱਚ ਸਗੋਂ ਯੂਰਪ ਦੇ ਇਤਿਹਾਸ ਵਿੱਚ ਇੱਕ ਮਹਾਨ ਇਨਸਾਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸ਼ਾਇਦ ਹੀ ਅਜਿਹਾ ਕੋਈ ਇਨਸਾਨ ਹੋਵੇ, ਜਿਸ ਨੇ ਇਤਿਹਾਸ ਵਿੱਚ ਸਮਕਾਲੀ ਲੇਖਕਾਂ ਤੋਂ ਇੰਨੀ ਪ੍ਰਸੰਸਾ ਅਤੇ ਘ੍ਰਿਣਾ ਪ੍ਰਾਪਤ ਕੀਤੀ ਹੋਵੇ। ਫ਼ਰਾਂਸੀਸੀ ਕ੍ਰਾਂਤੀ ਦੌਰਾਨ ਨੈਪੋਲੀਅਨ ਇੱਕ ਆਮ ਫ਼ੌਜੀ ਅਫ਼ਸਰ ਸੀ। ਉਸ ਨੇ ਕ੍ਰਾਂਤੀ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਕ੍ਰਾਂਤੀ ਦੇ ਹਿੰਸਕ ਰੂਪ ਧਾਰਨ ਕਰ ਲੈਣ ਅਤੇ ਯੂਰਪੀ ਦੇਸ਼ਾਂ ਦੇ ਫ਼ਰਾਂਸ ਵਿਰੁੱਧ ਯੁੱਧਾਂ ਦੇ ਸਿੱਟੇ ਵਜੋਂ ਨੈਪੋਲੀਅਨ ਦੀ ਸ਼ਕਤੀ ਦਾ ਉੱਥਾਨ ਹੋਇਆ। ਇਸ ਕਰਕੇ ਉਸ ਨੂੰ 'ਕ੍ਰਾਂਤੀ ਦਾ ਪੁੱਤਰ' ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਉਸ

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 8, August - 2019
ISSN(o): 2249-7382 | Impact Factor: 6.939 |

ਨੇ ਆਪਣੇ ਸ਼ਾਸਨ ਕਾਲ ਦੌਰਾਨ ਫ਼ਰਾਂਸ ਵਿੱਚ ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਸੁਧਾਰ ਕੀਤੇ। ਉਸ ਨੇ ਨਾਲ ਹੀ 'ਮਹਾਂਦੀਪੀ-ਵਿਵਸਥਾ' ਲਾਗੂ ਕੀਤੀ। ਨੈਪੋਲੀਅਨ ਦੀ ਮਹਾਂਦੀਪੀ-ਵਿਵਸਥਾ ਨੇ ਰੂਸ ਅਤੇ ਫ਼ਰਾਂਸ ਦੇ ਵਿਚਕਾਰ ਦੁਸ਼ਮਣੀ ਵਾਲੇ ਸੰਬੰਧ ਪੈਦਾ ਕਰ ਦਿੱਤੇ ਜਦ ਕਿ ਇਸ ਤੋਂ ਪਹਿਲਾਂ ਇਹ ਦੋਵੇਂ ਮਿੱਤਰ-ਦੇਸ਼ ਸਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਾਰਨ ਸਨ, ਜਿਨ੍ਹਾਂ ਕਰਕੇ ਇਹ ਦੋਵੇਂ ਦੇਸ਼ ਇੱਕ-ਦੂਜੇ ਦੇ ਵਿਰੋਧੀ ਬਣ ਗਏ। ਰੂਸ ਦੇ ਸਾਮੰਤ ਫ਼ਰਾਂਸ ਦੇ ਖ਼ਿਲਾਫ਼ ਸਨ ਕਿਉਂਕਿ ਫ਼ਰਾਂਸੀਸੀ ਕ੍ਰਾਂਤੀ ਦੇ ਸਮੇਂ ਸਾਮੰਤਾਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ ਸੀ। ਮਹਾਂਦੀਪੀ-ਵਿਵਸਥਾ ਦੇ ਅਨੁਸਾਰ ਨੈਪੋਲੀਅਨ ਨੇ ਇੰਗਲੈਂਡ ਦੇ ਮਾਲ ਦੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਕਰਕੇ ਰੂਸ ਦੇ ਉੱਚ ਵਰਗ ਦੇ ਲੋਕਾਂ ਨੂੰ ਐਸ਼ੋ-ਆਰਾਮ ਲਈ ਜ਼ਰੂਰੀ ਚੀਜ਼ਾਂ ਮਿਲਣੀਆਂ ਬੰਦ ਹੋ ਗਈਆਂ ਸਨ। ਅਜਿਹਾ ਹੋਣ ਨਾਲ ਉੱਚ ਵਰਗ ਦੇ ਲੋਕ ਨੈਪੋਲੀਅਨ ਦੇ ਖ਼ਿਲਾਫ਼ ਹੋ ਗਏ ਅਤੇ ਉਹ ਜ਼ਾਰ ਅਲੈਗਜੈਂਡਰ 'ਤੇ ਫ਼ਰਾਂਸ ਵਿਰੋਧੀ ਨੀਤੀ ਉੱਪਰ ਚੱਲਣ ਲਈ ਜ਼ੋਰ ਦੇ ਰਹੇ ਸਨ। ਜ਼ਾਰ ਦੀ ਮਾਤਾ ਅਤੇ ਉਸ ਦੇ ਸਲਾਹਕਾਰ ਵੀ ਫ਼ਰਾਂਸ ਦੇ ਵਿਰੋਧੀ ਸਨ। ਦੂਜੇ ਪਾਸੇ ਨੈਪੋਲੀਅਨ ਨੇ ਜ਼ਾਰ ਨੂੰ ਇਹ ਵਿਸ਼ਵਾਸ ਦਿੱਤਾ ਹੋਇਆ ਸੀ ਕਿ ਉਹ ਪੋਲੈਂਡ ਦੇ ਰਾਜ ਨੂੰ ਫਿਰ ਤੋਂ ਸਥਾਪਿਤ ਕਰੇਗਾ ਕਿਉਂਕਿ ਅਜਿਹਾ ਕਰਨ ਨਾਲ ਰੂਸ ਨੂੰ ਆਪਣੇ ਪੋਲੈਂਡ ਵਿਚਲੇ ਪ੍ਰਦੇਸ਼ਾਂ ਤੋਂ ਹਮੇਸ਼ਾਂ ਲਈ ਹੱਥ ਧੋਣੇ ਪੈਣਗੇ।[1]

ਨੈਪੋਲੀਅਨ ਨੇ ਜ਼ਾਰ ਨੂੰ ਮਹਾਂਦੀਪੀ-ਵਿਵਸਥਾ ਦੀ ਪਾਲਣਾ ਕਰਨ ਲਈ ਕਿਹਾ ਸੀ ਪਰ ਜ਼ਾਰ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ ਅਤੇ ਇੱਕ ਅਸੰਤੋਖਜਨਕ ਜਵਾਬ ਭੇਜ ਦਿੱਤਾ। ਜ਼ਾਰ ਨੇ ਨਿਰਲੇਪ ਦੇਸ਼ਾਂ ਦੇ ਜਹਾਜ਼ਾਂ ਨੂੰ ਰੂਸੀ ਬੰਦਰਗਾਹ ਵਿੱਚ ਆਉਣ ਲਈ ਬਹੁਤ ਸਾਰੀਆਂ ਸਹੂਲਤਾਂ ਵੀ ਦਿੱਤੀਆਂ ਸਨ। ਜਿਸ ਕਰਕੇ ਨੈਪੋਲੀਅਨ ਰੂਸ ਦੇ ਨਾਲ ਬਹੁਤ ਜ਼ਿਆਦਾ ਨਾਰਾਜ਼ ਹੋ ਗਿਆ। ਉਸ ਨੇ ਰੂਸ 'ਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ, ਜੋ ਕਿ ਰੂਸ ਅਤੇ ਨੈਪੋਲੀਅਨ ਦੀ ਆਪਸੀ ਦੁਸ਼ਮਣੀ ਦਾ ਕਾਰਨ ਬਣ ਗਿਆ। "ਨੈਪੋਲੀਅਨ ਚੰਗੀ ਤਰ੍ਹਾਂ ਜਾਣਦਾ ਸੀ ਕਿ ਰੂਸ ਦਾ ਖੇਤਰਫਲ ਬਹੁਤ ਵੱਡਾ ਹੈ, ਜਿਸ ਕਰਕੇ ਰੂਸ 'ਤੇ ਹਮਲਾ ਕਰਨ ਲਈ ਵਿਸ਼ਾਲ ਸੈਨਾ ਦੀ ਲੋੜ ਸੀ ਪਰ ਨਾਲ ਹੀ ਰੂਸ ਬਾਰੇ ਇਹ ਵੀ ਪ੍ਰਸਿੱਧ ਸੀ ਕਿ "ਉੱਥੇ ਛੋਟੀਆਂ ਸੈਨਾਵਾਂ ਹਾਰ ਜਾਂਦੀਆਂ ਹਨ ਅਤੇ ਵੱਡੀਆਂ ਸੈਨਾਵਾਂ ਭੁੱਖੀਆਂ ਮਰ ਜਾਂਦੀਆਂ ਹਨ।"

ਨੈਪੋਲੀਅਨ ਨੇ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਸਕੋ ਮੁਹਿੰਮ ਲਈ ਵਿਸ਼ਾਲ ਸੈਨਾ ਤਿਆਰ ਕੀਤੀ। ਨੈਪੋਲੀਅਨ ਨੇ ਆਪਣੀ ਸੈਨਾ ਦੇ ਲਈ ਭਾਰੀ ਮਾਤਰਾ ਵਿੱਚ ਖਾਣ ਦੀ ਸਮੱਗਰੀ ਅਤੇ ਹੋਰ ਲੋੜੀਂਦਾ ਸਮਾਨ ਵੀ ਇਕੱਠਾ ਕਰ ਲਿਆ। ਜੂਨ, 1812 ਈ. ਵਿੱਚ ਬਿਨਾਂ ਕਿਸੇ ਵਿਰੋਧ ਦੇ ਨੈਪੋਲੀਅਨ ਦੀ ਸੈਨਾ ਨੇ 'ਨੀਮਨ ਨਦੀ' ਨੂੰ ਪਾਰ ਕਰਕੇ ਰੂਸ ਵਿੱਚ ਪ੍ਰਵੇਸ਼ ਕਰ ਲਿਆ। ਨੈਪੋਲੀਅਨ ਨੂੰ ਰੂਸ ਵਿੱਚ ਸੜਕਾਂ ਦੀ ਕਮੀ ਕਰਕੇ ਆਵਾਜਾਈ ਵਿੱਚ ਮੁਸ਼ਕਿਲ ਆਈ। ਨੈਪੋਲੀਅਨ ਨੂੰ ਪੂਰੀ ਉਮੀਦ ਸੀ ਕਿ ਘਮਸਾਨ ਦੀ ਲੜਾਈ ਹੋਵੇਗੀ ਪਰ ਰੂਸੀ ਸੈਨਾ ਪਿੱਛੇ ਵੱਲ ਚਲੀ ਗਈ ਅਤੇ ਉਸ ਨੇ ਖੇਤਾਂ ਅਤੇ ਰੁੱਖਾਂ ਨੂੰ ਅੱਗ ਲਗਾ ਦਿੱਤੀ ਤਾਂ ਕਿ ਦੁਸ਼ਮਣ ਸੈਨਾ ਨੂੰ ਖਾਣ ਲਈ ਭੋਜਨ ਨਾ ਮਿਲ ਸਕੇ। ਨੈਪੋਲੀਅਨ ਹਰ ਰੋਜ਼ ਅੱਗੇ ਵਧਣ ਲਈ ਮਾਰਚ ਕਰਦਾ ਪਰ ਨੈਪੋਲੀਅਨ ਜਦੋਂ ਅੱਗੇ ਵਧਦਾ ਤਾਂ ਰੂਸੀ ਸੈਨਾ ਉੱਥੋਂ ਅਲੋਪ ਹੋ ਜਾਂਦੀ। ਨੈਪੋਲੀਅਨ ਅਤੇ ਉਸ ਦੀਆਂ ਸੈਨਾਵਾਂ ਅੱਗੇ ਵਧਦੀਆਂ ਗਈਆਂ। 14 ਸਤੰਬਰ, 1812 ਈ. ਨੂੰ ਫ਼ਰਾਂਸੀਸੀ ਸੈਨਾ ਨੇ ਮਾਸਕੋ ਵਿੱਚ ਪ੍ਰਵੇਸ਼ ਕੀਤਾ ਪਰ ਸ਼ਹਿਰ ਦੇ ਜ਼ਿਆਦਾਤਰ ਲੋਕ ਅਤੇ ਸਰਕਾਰੀ ਅਧਿਕਾਰੀ ਸ਼ਹਿਰ ਖ਼ਾਲੀ ਕਰਕੇ ਜਾ ਚੁੱਕੇ ਸਨ। ਨੈਪੋਲੀਅਨ ਰਾਤ ਨੂੰ ਸ਼ਹਿਰ ਦੇ ਇੱਕ ਮਕਾਨ ਵਿੱਚ ਰੁਕਿਆ। ਅੱਧੀ ਰਾਤ ਤੋਂ ਦੋ ਘੰਟੇ ਬਾਅਦ ਉਸ ਨੂੰ ਖ਼ਬਰ ਮਿਲੀ ਕਿ ਸ਼ਹਿਰ ਨੂੰ ਅੱਗ ਲਗਾ ਦਿੱਤੀ ਗਈ ਹੈ। ਉਸ ਨੇ ਅੱਗ ਦੀਆਂ ਲਪਟਾਂ ਨੂੰ ਅੱਖੀਂ ਦੇਖਿਆ। ਤਿੰਨ ਦਿਨਾਂ ਬਾਅਦ ਜਦੋਂ ਅੱਗ ਦੀਆਂ ਲਾਟਾਂ ਬੰਦ ਹੋਈਆਂ ਤਾਂ ਉਦੋਂ ਤੱਕ ਦੋ-ਤਿਹਾਈ ਸ਼ਹਿਰ ਤਬਾਹ ਹੋ ਚੁੱਕਾ ਸੀ। ਨੈਪੋਲੀਅਨ ਨੂੰ ਅਜੇ ਵੀ ਉਮੀਦ ਸੀ ਕਿ ਜ਼ਾਰ ਸ਼ਾਂਤੀ ਦੇ ਸਮਝੌਤੇ ਲਈ ਅਪੀਲ ਕਰੇਗਾ ਪਰ ਜ਼ਾਰ ਨੇ ਉਸ ਨਾਲ ਕੋਈ ਵੀ ਗੱਲਬਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ।[2]

---

[1] Adam Zamoyski, *Moscow 1812: Napoleon's Fatal March*, HarperCollins Publishers Inc., New York, 2004, p. 265.

[2] Ibid., pp. 281-282.

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 8, August - 2019
ISSN(o): 2249-7382 | Impact Factor: 6.939 |

## ਮਾਸਕੋ ਮੁਹਿੰਮ ਦੇ ਪ੍ਰਭਾਵ

ਨੈਪੋਲੀਅਨ ਦਾ ਮਾਸਕੋ 'ਤੇ ਅਸਫ਼ਲ ਹਮਲਾ, ਉਸ ਦੀ ਸ਼ਕਤੀ ਦੇ ਪਤਨ ਦਾ ਇੱਕ ਮੁੱਖ ਕਾਰਨ ਬਣਿਆ। ਇਸ ਨਾਲ ਨੈਪੋਲੀਅਨ ਦਾ ਅਜਿੱਤ ਹੋਣ ਦਾ ਭਰਮ ਵੀ ਟੁੱਟ ਗਿਆ। ਇਸ ਵਿਨਾਸ਼ਕਾਰੀ ਹਾਰ ਨੇ ਨੈਪੋਲੀਅਨ ਦੀ ਸੈਨਿਕ ਸ਼ਕਤੀ ਕਮਜ਼ੋਰ ਕਰ ਦਿੱਤੀ, ਜੋ ਯੂਰਪ ਵਿੱਚ ਉਸ ਦੇ ਵਿਰੋਧੀ ਦੇਸ਼ਾਂ ਲਈ ਉਤਸ਼ਾਹ ਦਾ ਕਾਰਨ ਬਣੀ। ਨੈਪੋਲੀਅਨ ਦੀ ਇਸ ਹਾਰ ਤੋਂ ਉਤਸ਼ਾਹਿਤ ਹੋ ਕੇ ਪ੍ਰਸ਼ੀਆ ਨੇ ਰੂਸ ਨਾਲ ਸਮਝੌਤਾ ਕਰ ਲਿਆ। ਆਸਟਰੀਆ ਨੇ ਵੀ ਨਿਰਪੱਖ ਰਹਿਣ ਦਾ ਫ਼ੈਸਲਾ ਕਰ ਲਿਆ।

**ਫ਼ਰਾਸ ਵਿਰੁੱਧ ਚੌਥੇ ਗੁੱਟ ਦੀ ਸਥਾਪਨਾ-** ਨੈਪੋਲੀਅਨ ਦੀ ਮਾਸਕੋ ਮੁਹਿੰਮ ਤੋਂ ਵਾਪਸੀ ਪਿੱਛੋਂ ਰੂਸ ਦੇ ਜ਼ਾਰ ਨੇ ਪ੍ਰਸ਼ੀਆ ਦੇ ਸਮਰਾਟ ਫ਼੍ਰੈਡਰਿਕ ਵਿਲੀਅਮ ਨਾਲ ਸੰਧੀ ਕਰ ਲਈ। ਇਸ ਸੰਧੀ ਅਨੁਸਾਰ ਦੋਹਾਂ ਦੇਸ਼ਾਂ ਵਿੱਚ ਜਰਮਨੀ ਨੂੰ ਨੈਪੋਲੀਅਨ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਅਤੇ ਪ੍ਰਸ਼ੀਆ ਨੂੰ 1806 ਈ. ਤੋਂ ਪਹਿਲਾਂ ਵਾਲੀ ਸਥਿਤੀ ਵਿੱਚ ਲਿਆਉਣ ਸੰਬੰਧੀ ਸਮਝੌਤਾ ਹੋਇਆ। ਮਾਰਚ, 1813 ਈ. ਵਿੱਚ ਦੇਸ਼ਵਾਸੀਆਂ ਦੀਆਂ ਨੈਪੋਲੀਅਨ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਿਤ ਹੋ ਕੇ ਪ੍ਰਸ਼ੀਆ ਨੇ ਨੈਪੋਲੀਅਨ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਮੈਟਰਨਿਖ ਨੇ ਨੈਪੋਲੀਅਨ ਨੂੰ ਸਮਝੌਤਾ ਕਰਨ ਦਾ ਸੁਝਾਅ ਦਿੱਤਾ ਪਰ ਉਸ ਨੇ ਇਹ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਆਸਟਰੀਆ ਵੀ ਰੂਸ ਅਤੇ ਪ੍ਰਸ਼ੀਆ ਦੇ ਗੁੱਟ ਵਿੱਚ ਸ਼ਾਮਿਲ ਹੋ ਗਿਆ।[3]

**ਲਿਪਜ਼ਿਗ ਦੀ ਲੜਾਈ, 16-18 ਅਕਤੂਬਰ, 1813 ਈ.-** ਵਿਰੋਧੀ ਦੇਸ਼ ਜਲਦੀ ਹੀ ਦੁਬਾਰਾ ਤੋਂ ਇਕੱਠੇ ਹੋ ਗਏ। ਲਿਪਜ਼ਿਗ ਦੇ ਸਥਾਨ 'ਤੇ ਨੈਪੋਲੀਅਨ ਅਤੇ ਮਿੱਤਰ-ਦੇਸ਼ਾਂ ਵਿਚਕਾਰ ਤਿੰਨ ਦਿਨ ਦਾ ਘਮਸਾਨ ਯੁੱਧ ਹੋਇਆ। ਇਸ ਯੁੱਧ ਨੂੰ 'ਰਾਸ਼ਟਰਾਂ ਦਾ ਯੁੱਧ' ਜਾਂ 'ਆਜ਼ਾਦੀ ਦੀ ਜੰਗ' ਕਿਹਾ ਜਾਂਦਾ ਹੈ। ਇਸ ਲੜਾਈ ਵਿੱਚ ਨੈਪੋਲੀਅਨ ਦੀ ਹਾਰ ਹੋਈ ਅਤੇ ਉਸ ਨੂੰ 'ਰਾਈਨ ਨਦੀ' ਤੋਂ ਪਿੱਛੇ ਮੁੜਨ ਲਈ ਮਜ਼ਬੂਰ ਕਰ ਦਿੱਤਾ। ਇਸ ਹਾਰ ਨੇ ਨੈਪੋਲੀਅਨ ਦੀ ਸ਼ਕਤੀ ਅਤੇ ਸਨਮਾਨ ਨੂੰ ਗਹਿਰਾ ਧੱਕਾ ਪਹੁੰਚਾਇਆ। ਉਸ ਦਾ ਜਰਮਨੀ 'ਚੋਂ ਪ੍ਰਭਾਵ ਪੂਰੀ ਤਰ੍ਹਾਂ ਨਾਲ ਖ਼ਤਮ ਹੋ ਗਿਆ।

**ਮਿੱਤਰ-ਦੇਸ਼ਾਂ ਦਾ ਫ਼ਰਾਂਸ 'ਤੇ ਹਮਲਾ ਅਤੇ ਨੈਪੋਲੀਅਨ ਦਾ ਰਾਜ ਤਿਆਗਣਾ-** ਲਿਪਜ਼ਿਗ ਵਿੱਚ ਹੋਈ ਹਾਰ ਤੋਂ ਮਗਰੋਂ ਨੈਪੋਲੀਅਨ ਆਪਣੀ ਬਚੀ ਹੋਈ ਸੈਨਾ ਨੂੰ ਨਾਲ ਲੈ ਕੇ ਫ਼ਰਾਂਸ ਵੱਲ ਚੱਲ ਪਿਆ। ਨਵੰਬਰ, 1813 ਈ. ਵਿੱਚ ਮੈਟਰਨਿਖ ਨੇ ਵਿਰੋਧੀ ਤਾਕਤਾਂ ਨੂੰ ਫ਼ਰਾਂਸ ਨਾਲ ਸਮਝੌਤਾ ਕਰਨ ਦਾ ਪ੍ਰਸਤਾਵ ਪੇਸ਼ ਕੀਤਾ। ਜਿਸ ਦੇ ਅਨੁਸਾਰ ਫ਼ਰਾਂਸ ਨੂੰ 1789 ਈ. ਦੀਆਂ ਹੱਦਾਂ ਤੱਕ ਸੀਮਿਤ ਕਰਨ ਦਾ ਸੁਝਾਅ ਦਿੱਤਾ ਗਿਆ, ਜੋ ਕਿ ਕਿਸੇ ਵੀ ਪੱਖ ਨੇ ਪ੍ਰਵਾਨ ਨਾ ਕੀਤਾ। 1814 ਈ. ਦੇ ਸ਼ੁਰੂ ਵਿੱਚ ਆਸਟਰੀਆ, ਪ੍ਰਸ਼ੀਆ ਅਤੇ ਰੂਸ ਦੇ ਰਾਜਿਆਂ ਅਧੀਨ ਚਾਰ ਲੱਖ ਦੀ ਸੈਨਾ ਨੇ ਜਰਮਨੀ ਅਤੇ ਇਟਲੀ ਵੱਲੋਂ ਫ਼ਰਾਂਸ 'ਤੇ ਹਮਲਾ ਕਰ ਦਿੱਤਾ। ਦੂਜੇ ਪਾਸੇ ਪ੍ਰਸਿੱਧ ਅੰਗਰੇਜ਼ ਸੈਨਾਪਤੀ ਡਿਊਕ ਆਫ਼ ਵਲਿੰਗਟਨ ਨੇ ਸਪੇਨ ਵੱਲੋਂ ਫ਼ਰਾਂਸੀਸੀ ਸੀਮਾ ਨੂੰ ਪਾਰ ਕੀਤਾ। ਨੈਪੋਲੀਅਨ ਨੇ ਦੁਸ਼ਮਣ ਸੈਨਾਵਾਂ ਦਾ ਦਲੇਰੀ ਅਤੇ ਸਾਹਸ ਨਾਲ ਸਾਹਮਣਾ ਕੀਤਾ। 1 ਮਾਰਚ, 1814 ਈ. ਨੂੰ ਇੰਗਲੈਂਡ, ਆਸਟਰੀਆ, ਪ੍ਰਸ਼ੀਆ ਅਤੇ ਰੂਸ ਨੇ ਇੱਕ ਹੋਰ ਗੁਪਤ ਸੰਧੀ ਕੀਤੀ। ਇਸ ਸੰਧੀ ਅਨੁਸਾਰ ਮਿੱਤਰ-ਦੇਸ਼ਾਂ ਨੇ ਨੈਪੋਲੀਅਨ ਖ਼ਿਲਾਫ਼ ਜੰਗ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਅਤੇ ਸਾਰੇ ਦੇਸ਼ਾਂ ਨੇ ਇਹ ਫ਼ੈਸਲਾ ਕੀਤਾ ਕਿ ਕੋਈ ਵੀ ਦੇਸ਼ ਆਪਣੇ ਤੌਰ 'ਤੇ ਫ਼ਰਾਂਸ ਨਾਲ ਸਮਝੌਤਾ ਨਹੀਂ ਕਰੇਗਾ। ਜਦੋਂ ਨੈਪੋਲੀਅਨ ਫ਼ਾਨਟੇਂਨਬਲੋ ਵਿੱਚ ਪਹੁੰਚਿਆ ਤਾਂ ਉਸ ਨੂੰ ਇਹ ਪਤਾ ਲੱਗਿਆ ਕਿ ਸੈਨੇਟ ਵਿੱਚ ਉਸ ਤੋਂ ਸਿੰਘਾਸਨ ਦੇ ਤਿਆਗ ਦੀ ਮੰਗ ਬਾਰੇ ਵਿਚਾਰ ਹੋ ਰਿਹਾ ਹੈ। ਹਾਲਾਤ ਤੋਂ ਮਜ਼ਬੂਰ ਹੋ ਕੇ ਨੈਪੋਲੀਅਨ ਨੇ 31 ਮਾਰਚ, 1814 ਈ. ਨੂੰ ਹਥਿਆਰ ਸੁੱਟ ਦਿੱਤੇ। ਉਸ ਨੇ ਬਿਨਾਂ ਕਿਸੇ ਸ਼ਰਤ 'ਤੇ ਫ਼ਾਨਟੇਂਨਬਲੋ ਦੀ ਸੰਧੀ 'ਤੇ ਦਸਤਖ਼ਤ ਕਰ ਦਿੱਤੇ।

**ਨੈਪੋਲੀਅਨ ਦੀ ਐਲਬਾ ਤੋਂ ਵਾਪਸੀ ਅਤੇ ਫ਼ਰਾਂਸ 'ਤੇ ਦੁਬਾਰਾ ਅਧਿਕਾਰ-** 20 ਅਪ੍ਰੈਲ, 1814 ਈ. ਨੂੰ ਨੈਪੋਲੀਅਨ ਫ਼ਰਾਂਸ ਨੂੰ ਛੱਡ

3 D.M. Ketelbey, *A History of Modern Times From 1789*, New Edition Revised, George G. Harrap & Co. Ltd., London, 1923, pp. 93-94 & 101-102.

International Journal of Research in Economics and Social Sciences(IJRESS)
Available online at: http://euroasiapub.org
Vol. 9 Issue 8, August - 2019
ISSN(o): 2249-7382 | Impact Factor: 6.939 |

ਕੇ ਟਸਕਨੀ ਦੇ ਦੱਖਣ ਵਿੱਚ ਸਥਿਤ ਤੀਹ ਕਿਲੋਮੀਟਰ ਲੰਮੇ ਅਤੇ ਦਸ ਕਿਲੋਮੀਟਰ ਚੌੜੇ ਐਲਬਾ ਦੇ ਟਾਪੂ ਦੀ ਆਪਣੀ ਨਵੀਂ ਰਿਆਸਤ ਵਿੱਚ ਪਹੁੰਚਿਆ। ਇੱਥੇ ਉਸ ਨੇ ਦਸ ਦਿਨ ਗੁਜ਼ਾਰੇ। ਨੈਪੋਲੀਅਨ ਦੇ ਜੇਤੂ ਵਿਰੋਧੀਆਂ ਨੇ ਨੈਪੋਲੀਅਨ ਦੇ ਰਾਜ ਤਿਆਗਣ ਪਿੱਛੋਂ ਫ਼ਰਾਂਸ ਨਾਲ 30 ਮਈ, 1814 ਈ. ਨੂੰ ਪੈਰਿਸ ਦੀ ਸੰਧੀ ਕਰ ਲਈ। ਇਸ ਸੰਧੀ ਅਨੁਸਾਰ ਫ਼ਰਾਂਸ ਦੀ ਸੀਮਾ 1792 ਈ. ਦੀਆਂ ਹੱਦਾਂ ਦੇ ਬਰਾਬਰ ਮੰਨ ਲਈ ਗਈ ਅਤੇ ਫ਼ਰਾਂਸ ਦੀ ਗੱਦੀ 'ਤੇ ਲੂਈ ਸੋਲ੍ਹਵੇਂ ਦੇ ਭਰਾ ਲੂਈ ਅਠਾਰ੍ਹਵੇਂ ਦਾ ਅਧਿਕਾਰ ਸਵੀਕਾਰ ਲਿਆ ਗਿਆ। ਫ਼ਰਾਂਸ ਵਿੱਚ ਨਵੇਂ ਸ਼ਾਸਕ ਨੇ ਆਜ਼ਾਦੀ ਅਤੇ ਸੰਵਿਧਾਨਿਕ ਸਰਕਾਰ ਦੇਣ ਦਾ ਵਿਸ਼ਵਾਸ ਦਿੱਤਾ। 26 ਫ਼ਰਵਰੀ, 1815 ਈ. ਨੂੰ ਅੰਗਰੇਜ਼ੀ ਰੱਖਿਅਕਾਂ ਦੀਆਂ ਨਜ਼ਰਾਂ ਤੋਂ ਬਚ ਕੇ ਨੈਪੋਲੀਅਨ ਆਪਣੇ ਸੌ ਸਾਥੀਆਂ ਸਮੇਤ ਐਲਬਾ ਤੋਂ ਫ਼ਰਾਰ ਹੋ ਗਿਆ ਅਤੇ 1 ਮਾਰਚ, 1815 ਈ. ਨੂੰ ਉਹ ਫ਼ਰਾਂਸ ਦੇ ਉੱਤਰ ਵਿੱਚ ਸਥਿਤ ਕੇਨਜ਼ ਵਿਖੇ ਪਹੁੰਚਿਆ। ਉਸ ਦੀ ਫ਼ਰਾਂਸ ਨੂੰ ਛੱਡ ਵਾਪਸੀ ਦੀ ਖ਼ਬਰ ਸੁਣਦਿਆਂ ਹੀ ਲੂਈ ਅਠ੍ਹਾਰਵਾਂ ਪੈਰਿਸ ਛੱਡ ਕੇ ਬੈਲਜੀਅਮ ਭੱਜ ਗਿਆ। ਨੈਪੋਲੀਅਨ ਬਿਨਾਂ ਕਿਸੇ ਵਿਰੋਧ ਦੇ ਰਾਜਧਾਨੀ ਪਹੁੰਚ ਗਿਆ। ਉਸ ਨੇ ਫ਼ਰਾਂਸ ਦੇ ਲੋਕਾਂ ਨੂੰ ਸੰਵਿਧਾਨਿਕ ਢੰਗ ਨਾਲ ਰਾਜ ਚਲਾਉਣ ਅਤੇ ਲੜਾਈ ਦਾ ਤਿਆਗ਼ ਕਰਨ ਬਾਰੇ ਵਿਸ਼ਵਾਸ ਦਿੱਤਾ। ਉਸ ਨੇ ਫਿਰ ਤੋਂ ਫ਼ਰਾਂਸ ਦੇ ਲੋਕਾਂ ਦਾ ਦਿਲ ਜਿੱਤ ਲਿਆ। ਐਲਬਾ ਤੋਂ ਫ਼ਰਾਂਸ ਵਿੱਚ ਨੈਪੋਲੀਅਨ ਦੀ ਵਾਪਸੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਮੰਨੀ ਜਾਂਦੀ ਹੈ। ਇਹ ਸਮਾਂ ਇਤਿਹਾਸ ਵਿੱਚ ਨੈਪੋਲੀਅਨ ਦੇ '100 ਦਿਨ' (Hundred days of Napoleon) ਦੇ ਨਾਂ ਨਾਲ ਪ੍ਰਸਿੱਧ ਹੈ।[4]

**ਵਾਟਰਲੂ ਦੀ ਲੜਾਈ ਅਤੇ ਨੈਪੋਲੀਅਨ ਦੀ ਅੰਤਿਮ ਹਾਰ-** ਨੈਪੋਲੀਅਨ 1 ਲੱਖ 80 ਹਜ਼ਾਰ ਦੀ ਫ਼ਰਾਂਸੀਸੀ ਸੈਨਾ ਲੈ ਕੇ 12 ਜੂਨ, 1815 ਈ. ਨੂੰ ਬੈਲਜੀਅਮ ਦੀ ਸੀਮਾ ਵੱਲ ਵਧਿਆ। ਉਸ ਦਾ ਵਿਚਾਰ ਬਲੂਚਰ ਅਤੇ ਵਲਿੰਗਟਨ ਦੇ ਮਿਲਣ ਤੋਂ ਪਹਿਲਾਂ ਹੀ ਵਲਿੰਗਟਨ ਨੂੰ ਹਰਾਉਣਾ ਸੀ। 18 ਜੂਨ, 1815 ਈ. ਨੂੰ ਬ੍ਰਸਲਜ਼ ਤੋਂ ਬਾਰਾਂ ਮੀਲ ਦੂਰ 'ਵਾਟਰਲੂ' ਦੇ ਸਥਾਨ 'ਤੇ ਨੈਪੋਲੀਅਨ ਅਤੇ ਵਲਿੰਗਟਨ ਵਿਚਕਾਰ ਫ਼ੈਸਲਾਕੁੰਨ ਯੁੱਧ ਹੋਇਆ। ਇਸ ਲੜਾਈ ਵਿੱਚ ਨੈਪੋਲੀਅਨ ਦੀ ਹਾਰ ਹੋਈ ਅਤੇ ਉਸ ਨੂੰ ਸੇਂਟ ਹੇਲੇਨਾ ਵਿੱਚ ਭੇਜਿਆ ਗਿਆ, ਜਿੱਥੇ ਉਸ ਨੇ ਆਪਣੀ ਜ਼ਿੰਦਗੀ ਦੇ ਛੇ ਸਾਲ ਬਤੀਤ ਕੀਤੇ। ਇੱਥੇ ਹੀ 5 ਮਈ, 1821 ਈ. ਨੂੰ ਪੇਟ ਦੇ ਕੈਂਸਰ ਕਾਰਨ ਉਸ ਦੀ ਮੌਤ ਹੋ ਗਈ ਅਤੇ 'ਸੀਨ ਨਦੀ' ਦੇ ਕਿਨਾਰੇ 'ਤੇ ਉਸ ਨੂੰ ਦਫ਼ਨਾਇਆ ਗਿਆ।[5]

**ਪੈਰਿਸ ਦੀ ਸੰਧੀ, 20 ਨਵੰਬਰ, 1815 ਈ.-** ਨੈਪੋਲੀਅਨ ਦੀ ਹਾਰ ਅਤੇ ਸੇਂਟ ਹੇਲੇਨਾ ਵੱਲ ਰਵਾਨਗੀ ਪਿੱਛੋਂ ਮਿੱਤਰ-ਦੇਸ਼ ਫ਼ਰਾਂਸ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਦੁਬਾਰਾ ਤੋਂ ਇਕੱਠੇ ਹੋਏ ਪਰ ਇਹ ਦੇਸ਼ ਹੁਣ ਫ਼ਰਾਂਸ ਨਾਲ ਨਰਮੀ ਵਾਲਾ ਵਰਤਾਓ ਕਰਨ ਲਈ ਤਿਆਰ ਨਹੀਂ ਸਨ। ਨੈਪੋਲੀਅਨ ਦੀ ਐਲਬਾ ਤੋਂ ਵਾਪਸੀ ਮਗਰੋਂ ਲੋਕਾਂ ਨੇ ਫ਼ਰਾਂਸ ਵਿੱਚ ਉਸ ਦਾ ਸੁਆਗਤ ਕੀਤਾ। 20 ਨਵੰਬਰ, 1815 ਈ. ਨੂੰ ਪੈਰਿਸ ਦੀ ਸੰਧੀ ਹੋਈ। ਇਸ ਵਿੱਚ ਫ਼ਰਾਂਸ ਸੰਬੰਧੀ ਇਹ ਫ਼ੈਸਲੇ ਲਏ ਗਏ:

- ਫ਼ਰਾਂਸ ਦੀ ਸੀਮਾ 1790 ਈ. ਦੀ ਸੀਮਾ ਦੇ ਬਰਾਬਰ ਨਿਸ਼ਚਿਤ ਕਰ ਦਿੱਤੀ ਗਈ।
- ਲੜਾਈ ਦੇ ਜੁਰਮਾਨੇ ਵਜੋਂ ਫ਼ਰਾਂਸ ਨੂੰ 70 ਕਰੋੜ ਫ੍ਰੈਂਕ ਦੀ ਧਨ-ਰਾਸ਼ੀ ਦੇਣ ਲਈ ਕਿਹਾ ਗਿਆ।
- ਇਸ ਜੁਰਮਾਨੇ ਦੀ ਅਦਾਇਗੀ ਪੰਜ ਸਾਲਾਂ ਵਿੱਚ ਹੋਣੀ ਸੀ, ਜਿਸ ਦੌਰਾਨ ਮਿੱਤਰ-ਦੇਸ਼ਾਂ ਦੀ ਸੰਯੁਕਤ ਸੈਨਾ ਨੇ ਫ਼ਰਾਂਸ ਵਿੱਚ ਰੁਕਣਾ ਸੀ।
- ਨੈਪੋਲੀਅਨ ਦੁਆਰਾ ਹਾਰੇ ਹੋਏ ਰਾਜਾਂ ਤੋਂ ਲਿਆਂਦੇ ਗਏ ਸਾਰੇ ਸਜਾਵਟ ਦੇ ਸਮਾਨ ਨੂੰ ਸੰਬੰਧਿਤ ਦੇਸ਼ਾਂ ਨੂੰ ਵਾਪਸ ਕਰ ਦਿੱਤਾ ਗਿਆ।

[4] George Rude, *Revolutionary Europe, 1783-1815*, Harper & Row Publishers, New York, 1966, pp. 264-265.
[5] Harold F.B. Wheeler, *The Story of Napoleon*, George G. Harrap & Company, London, 2016, pp. 276-277.

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 8, August - 2019
ISSN(o): 2249-7382 | Impact Factor: 6.939 |

- ਲੂਈ ਅਠ੍ਹਾਰਵੇਂ ਨੂੰ ਫ਼ਰਾਂਸ ਦਾ ਬਾਦਸ਼ਾਹ ਮੰਨ ਲਿਆ ਗਿਆ।[6]

**ਸਿੱਟਾ:-** ਨੈਪੋਲੀਅਨ ਨੇ ਸੱਤਾ ਵਿੱਚ ਆਉਂਦੇ ਸਾਰ ਹੀ ਨਵੀਂ ਤਬਦੀਲੀ ਲਿਆਂਦੀ ਸੀ। ਉਸ ਨੂੰ ਆਪਣੇ ਜੀਵਨ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ ਪਰ ਉਸ ਨੇ ਬਹੁਤ ਹੀ ਹਿੰਮਤ ਅਤੇ ਬਹਾਦਰੀ ਨਾਲ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ। ਉਸ ਨੇ ਮਹਾਂਦੀਪੀ-ਵਿਵਸਥਾ ਲਾਗੂ ਕੀਤੀ, ਜਿਸ ਦਾ ਪ੍ਰਭਾਵ ਫ਼ਰਾਂਸ ’ਤੇ ਪਿਆ। ਸ਼ੁਰੂ ਵਿੱਚ ਨੈਪੋਲੀਅਨ ਦੀਆਂ ਜਿੱਤਾਂ ਅਤੇ ਫ਼ਰਾਂਸੀਸੀ ਸਾਮਰਾਜ ਦੇ ਵਿਸਥਾਰ ਕਾਰਨ ਫ਼ਰਾਂਸ ਦੇ ਵਣਜ ਅਤੇ ਵਪਾਰ ਵਿੱਚ ਵਾਧਾ ਹੋਇਆ ਪਰ ਫਿਰ ਵੀ ਅਖ਼ੀਰ ਵਿੱਚ ਮਹਾਂਦੀਪੀ-ਵਿਵਸਥਾ ਅਸਫ਼ਲ ਰਹੀ ਸੀ। ਉਸ ਤੋਂ ਬਾਅਦ ਨੈਪੋਲੀਅਨ ਨੇ ਪੁਰਤਗਾਲ ਅਤੇ ਸਪੇਨ ਦੇ ਨਾਲ ਯੁੱਧ ਕੀਤਾ, ਜਿਸ ਨੂੰ ਇਤਿਹਾਸ ਵਿੱਚ ‘ਪ੍ਰਾਇਦੀਪੀ ਯੁੱਧ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਪਰ ਇਸ ਵਿੱਚ ਫ਼ਰਾਂਸੀਸੀ ਸੈਨਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਸ ਪਿੱਛੋਂ ਨੈਪੋਲੀਅਨ ਨੇ ਮਾਸਕੋ ’ਤੇ ਚੜ੍ਹਾਈ ਕੀਤੀ ਅਤੇ ਉਸ ਨੇ ਇੱਕ ਮਹੀਨੇ ਤੱਕ ਇੰਤਜ਼ਾਰ ਕੀਤਾ। ਰੂਸ ਵੱਲੋਂ ਮਹਾਂਦੀਪੀ-ਵਿਵਸਥਾ ਨੂੰ ਨਾ ਮੰਨਣ ਕਰਕੇ ਨੈਪੋਲੀਅਨ ਨੇ ਪੰਜ ਲੱਖ ਸੈਨਾ ਇਕੱਠੀ ਕਰਕੇ ਉਸ ’ਤੇ ਹਮਲਾ ਕਰ ਦਿੱਤਾ। ਦੂਰ ਪੂਰਬ ਵਿੱਚ ਸਥਿਤ ਦੇਸ਼ ’ਤੇ ਹਮਲਾ ਕਰਨਾ ਨੈਪੋਲੀਅਨ ਦੀ ਬਹੁਤ ਵੱਡੀ ਭੁੱਲ ਸੀ, ਜਿਸ ਨੂੰ 130 ਸਾਲ ਪਿੱਛੋਂ ਹਿਟਲਰ ਨੇ ਦੁਹਰਾਇਆ ਸੀ।[7] ਇਸ ਮੁਹਿੰਮ ਨੇ ਨੈਪੋਲੀਅਨ ਦੀ ਸ਼ਕਤੀ ਅਤੇ ਸਾਮਰਾਜ ਨੂੰ ਪ੍ਰਾਇਦੀਪੀ ਯੁੱਧ ਤੋਂ ਵੀ ਵੱਧ ਠੇਸ ਪਹੁੰਚਾਈ। ਨੈਪੋਲੀਅਨ ਆਪਣੇ ਜੀਵਨ ਦੇ ਅਖ਼ੀਰਲੇ ਸਮੇਂ ਵਿੱਚ ਵਾਟਰਲੂ ਦੇ ਸਥਾਨ ’ਤੇ ਬੁਰੀ ਤਰ੍ਹਾਂ ਹਾਰਿਆ ਅਤੇ ਇਸ ਹਾਰ ਮਗਰੋਂ ਉਹ ਮਰ ਗਿਆ। ਰੂਸ ਵਿੱਚ ਨੈਪੋਲੀਅਨ ਦੀ ਭਾਰੀ ਹਾਰ ਨੇ ਸਾਰੇ ਮਹਾਂਦੀਪ ਵਿੱਚ ਇੱਕ ਅਜਿਹੀ ਉਤੇਜਨਾ ਪੈਦਾ ਕਰ ਦਿੱਤੀ, ਜਿਸ ਵਿਰੁੱਧ ਲੜਦਾ ਹੋਇਆ ਨੈਪੋਲੀਅਨ ਅੰਤ ਵਿੱਚ ਆਪਣਾ ਸਭ ਕੁਝ ਗੁਆ ਬੈਠਾ।

---

6 Charles Downer Hazen (with additional chapters by S.P. Verma), *Modern Europe upto 1945*, Third Edition, S. Chand & Co., Delhi, 1949, pp. 217-218 & 224-225.

7 Adam Zamoyski, *Moscow 1812: Napoleon’s Fatal March*, HarperCollins Publishers Inc., New York, 2004, p. 266.